# ਉਤਰੀ ਅਮਰੀਕਾ ਦੇ ਲੇਖਕਾਂ ਵਲੋਂ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਨੂੰ ਭਾਵਭਿੰਨੀ ਸ਼ਰਧਾਜਲੀ



ਰਿਪੋਰਟ ਵਲੋਂ ਡਾ: ਸਵਰਾਜ ਸਿੰਘ

ਸਰੀ – ਸਾਊਥ ਏਸ਼ੀਅਨ ਰੀਵੀਊ, ਵਿਰਾਸਤ ਫਾਊਂਡੇਸ਼ਨ ਅਤੇ ਉਤਰੀ ਅਮਰੀਕਾ ਦੀਆਂ ਪੰਜਾਬੀ ਬੋਲੀ ਨੂੰ ਸਮਰਪਿਤ ਸਮੂੰਹ ਜੱਥੇਬੰਦੀਆਂ ਵਲੋਂ 23 ਨਵੰਬਰ ਦਿਨ ਐਤਵਾਰ ਨੂੰ ਵੈਨਕੂਵਰ ਇਲਾਕੇ ਜੋ ਕਿ ਪੰਜਾਬੀਆਂ ਦਾ ਗੜ੍ਹ ਹੈ ਅਤੇ ਸੰਸਾਰ ਪੱਧਰਤੇ ਉਭਰ ਰਿਹਾ ਪੰਜਾਬੀਆਂ ਦਾ ਕੇਂਦਰ ਹੈ, ਸਰੀ ਦੇ ਧਾਲੀਵਾਲ ਬੈਂਕੁਇਟ ਹਾਲ ਵਿੱਚ ਮਹਾਨ ਵਿਦਵਾਨ ਅਤੇ ਉਘੇ ਭਾਸ਼ਾ ਵਿਗਿਆਨੀ ਡਾ: ਪ੍ਰੇਮ ਪ੍ਰਕਾਸ਼ ਨੂੰ ਸ਼ਰਧਾਂਜਲੀ ਅਰਪਨ ਕਰਨ ਲਈ ਸਮਾਗਮ ਆਯੋਜਤ ਕੀਤਾ ਗਿਆ। ਇਸ ਮੌਕੇ 'ਤੇ ਕਨੇਡਾ ਅਤੇ ਅਮਰੀਕਾ ਦੇ ਵਿਦਵਾਨਾ, ਲੇਖਕਾਂ ਅਤੇ ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੇ ਬਹੁਤ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ। ਡਾ: ਪ੍ਰੇਮ ਪ੍ਰਕਾਸ਼ ਸਿੰਘ ਦੀਆਂ ਲਿਖਤਾਂ ਅਤੇ ਉਹਨਾਂ ਦੇ ਜੀਵਨ ਨਾਲ ਸੰਬੰਧਤ ਤਸਵੀਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਬਹੁਤ ਸਾਰੀਆਂ ਲਿਖਾਰੀ ਸਭਾਵਾਂ, ਪੰਜਾਬੀ ਬੋਲੀ ਅਤੇ ਪੰਜਾਬੀਅਤ ਨੂੰ ਸਮਰਪਿਤ ਸੰਸਥਾਵਾਂ ਨੇ ਜਾਂ ਤਾਂ ਆਪਣੇ ਪ੍ਰਤਿਨਿਧ ਸਮਾਗਮ ਵਿਚ ਸ਼ਾਮਲ ਹੋਣ ਲਈ ਭੇਜੇ, ਜਾਂ ਸਨੇਹੇ ਭੇਜੇ ਜਿਨ੍ਹਾਂ ਨੂੰ ਪੜ੍ਹਕੇ ਸੁਣਾਇਆ ਗਿਆ। ਇਸ ਤਰ੍ਹਾਂ ਸੰਸਾਰ ਭਰ ਵਿਚ ਪੰਜਾਬੀ ਦੇ ਪਾਨਿਨੀ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਹੋਰਨਾਂ ਤੋਂ ਇਲਾਵਾ ਵਿਰਾਸਤ ਫਾਊਂਡੇਸ਼ਨ ਦੇ ਭੁਪਿੰਦਰ ਸਿੰਘ ਮਲ੍ਹੀ, ਸਾਊਥ ਏਸ਼ੀਅਨ ਰੀਵੀਊ ਦੇ ਸੁਚਾ ਸਿੰਘ ਦੀਪਕ, ਡਾ: ਜਸਪਾਲ ਸਿੰਘ, ਕਨੇਡੀਅਨ ਕਮਿਉਨਿਸਟ ਪਾਰਟੀ ਔਫ ਕਨੇਡਾ (ਮਾਰਕਸਿਸਟ ਲੈਨਿਨਿਸਟ ਦੇ ਵਿਸ਼ੇਸ਼ ਪ੍ਰਤੀਨਿਧ ਸੈਂਡਰਾ ਸਮਿਥ, ਕਵੀ ਰਵਿੰਦਰ ਰਵੀ, ਅਜਮੇਰ ਰੋਡੇ, ਸੁਰਜੀਤ ਕਲਸੀ, ਮੋਹਨ ਗਿੱਲ, ਜੀਵਨ ਰਾਮਪੁਰੀ, ਹਰਭਜਨ ਸਿੰਘ ਬੈਂਸ, ਨਰਪਾਲ ਸਿੰਘ ਸ਼ੇਰਗਿੱਲ, ਪੰਜਾਬੀ ਟ੍ਰਿਬਿਊਨ ਦੇ ਸਬ ਐਡੀਟਰ ਰਸ਼ਪਾਲ ਗਿੱਲ, ਸਾਧੂ ਬਿਨਿੰਗ, ਡਾ: ਸਵਰਾਜ ਸਿੰਘ ਅਤੇ ਡਾ: ਸਾਧੂ ਸਿੰਘ ਨੇ ਡਾ: ਪ੍ਰੇਮ ਪ੍ਰਕਾਸ਼ ਸਿੰਘ ਦੇ ਜੀਵਨ, ਵਿਦਵਤਾ ਅਤੇ ਉਨ੍ਹਾਂ ਦੀ ਪੰਜਾਬੀ ਨੂੰ ਮਹਾਨ ਅਤੇ ਲਸਾਨੀ ਦੇਣ ਬਾਰੇ ਜੋ ਤੱਥ ਉਭਾਰੇ ਉਨ੍ਹਾਂ ਦੇ ਮੁੱਖ ਪੱਖ ਇਹ ਸਨ ਕਿ ਪਾਨਿਨੀ ਤੋਂ ਬਾਅਦ ਢਾਈ ਹਜ਼ਾਰ ਸਾਲ ਪਿੱਛੋਂ ਪੰਜਾਬ ਦੀ ਧਰਤੀ ਨੇ ਇਸ ਪੱਧਰ ਦਾ ਵਿਦਵਾਨ ਪੈਦਾ ਕੀਤਾ ਜਿਸਨੇ ਭਾਸ਼ਾ ਵਿਗਿਆਨੀ ਨੂੰ ਰੱਬੀ ਗਿਆਨ ਦੇ ਪੱਧਰ ਤੱਕ ਪਹੁੰਚਾਇਆ। ਜਿਸ ਸ਼ਿੱਦਤ, ਸੁਹਿਰਦਤਾ ਅਤੇ ਸਮਰਪਨ ਨਾਲ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਬੋਲੀ ਦੀ ਸੇਵਾ ਕੀਤੀ ਉਸਦੀ ਉਦਾਹਰਣ ਨਹੀਂ ਮਿਲਦੀ। ਵਿਦਵਤਾ ਦੇ ਜਿਸ ਪੱਧਰ ਨੂੰ ਡਾ: ਪ੍ਰੇਮ ਪ੍ਰਕਾਸ਼ ਸਿੰਘ ਨੇ ਛੋਹਿਆ ਉਸ ਦੀ ਉਦਾਹਰਣ ਲਭਣੀ ਔਖੀ ਹੈ। ਗਿਆਨ ਅਤੇ ਵਿਦਵਤਾ ਦੀਆਂ ਸਿਖਰਾਂ ਛੂਹਣ ਵਾਲੇ ਇਸ ਮਹਾਨ ਵਿਦਵਾਨ ਨੇ ਨਿਮਰਤਾ ਦਾ ਪੁੰਜ ਬਣਕੇ ਵੀ ਇੱਕ ਅਦੁੱਤੀ ਮਿਸਾਲ ਕਾਇਮ ਕੀਤੀ ਹੈ।13 ਸਾਲ ਦੀ ਉਮਰ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਕੰਠ ਕਰਨ ਵਾਲੇ ਇਸ ਮਹਾਨ ਵਿਦਵਾਨ ਨੇ ਸਿੱਖੀ ਦੀ ਇਕ ਹੋਰ ਪ੍ਰੰਪਰਾ ਅਰਥਾਤ ਸੰਵਾਦ ਦੇ ਸਿਧਾਂਤ ਪ੍ਰਤੀ ਵੀ ਸੁਹਿਰਦਤਾ ਦਿਖਾਈ। ਦੂਸਰੇ ਪੱਖ ਨੂੰ ਭਾਵੇਂ ਕਿ ਆਪਣੇ ਪੱਖ ਨਾਲੋਂ ਵੱਖ ਵੀ ਹੋਵੇ ਨੂੰ ਧਿਆਨ ਅਤੇ ਸਬਰ ਨਾਲ ਸੁਣਨਾ ਅਤੇ ਦੂਜਿਆਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਉਤਸ਼ਾਹਿਤ ਕਰਨਾ ਉਹਨਾਂ ਲਈ ਅਨੇਕਾਂ ਖੂਬੀਆਂ ਵਿਚੋਂ ਇੱਕ ਸੀ। ਬਹੁਤ ਸਾਰੇ ਬੁਲਾਰਿਆਂ ਨੇ ਇਹ ਵੀ ਕਿਹਾ ਕਿ ਡਾ: ਪ੍ਰੇਮ ਪ੍ਰਕਾਸ਼ ਸਿੰਘ ਦਾ ਉਹਨਾਂ ਦੇ ਨਾਮ ਅਨੁਸਾਰ ਪ੍ਰੇਮ ਅਤੇ ਗਿਆਨ ਦਾ ਸਨੇਹਾ ਸਮੁੱਚੇ ਪੰਜਾਬੀ ਭਾਈਚਾਰੇ ਤੱਕ ਪਹੁੰਚਾਉਣ ਦੀ ਲੋੜ ਹੈ। ਇਸ ਮੀਟਿੰਗ ਦੇ ਅਖੀਰ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ ਅਭਿਨੰਦਨ ਗ੍ਰੰਥ ਛਾਪਣ ਵਾਸਤੇ ਐਲਾਨ ਕੀਤਾ ਗਿਆ ਅਤੇ ਉਨ੍ਹਾਂ ਦੇ ਨਾਮ ਉਤੇ ਇਕ ਸੰਸਥਾ ਕਇਮ ਕਰਨ ਵਾਸਤੇ ਵੀ ਵਿਚਾਰ ਆਏ ਅਤੇ ਆਏ ਹੋਏ ਸਭ ਵਿਦਵਾਨਾਂ ਤੋਂ ਇਸ ਵਿਚ ਸਹਿਯੋਗ ਦੇਣ ਵਾਸਤੇ ਅਪੀਲ ਕੀਤੀ ਗਈ।

ਸ਼ਰਧਾਂਜਲੀ ਸਮਾਗਮ ਵਿਚ ਪੰਜਾਬ ਦੀਆਂ ਵੱਖ ਵੱਖ ਯੂਨੀਵਰਸਿਟੀਆਂ, ਸਾਹਿਤ ਸਭਾਵਾਂ ਤੋਂ ਇਲਾਵਾ ਇੰਗਲੈਂਡ, ਅਮਰੀਕਾ ਅਤੇ ਹੋਰਨਾ ਦੇਸਾਂ ਤੋਂ ਆਏ ਸ਼ੋਕ ਸਨੇਹੇ ਪੜ੍ਹਕੇ ਸੁਣਾਏ ਗਏ। ਹੋਰਨਾਂ ਤੋਂ ਇਲਾਵਾ ਸਰੀ ਸੈਂਟਰਲ ਤੋਂ ਮੈਂਬਰ ਪਾਰਲੀਮੈਂਟ ਗੁਰਮੰਤ ਗਰੇਵਾਲ, ਸਾਹਿਤ ਸਭਾ ਪ੍ਰਿੰਸ ਜਾਰਜ ਤੋਂ ਪਰਮਜੀਤ ਸੰਧੂ, ਪੰਜਾਬੀ ਲੇਖਕ ਮੰਚ ਦੇ ਲੇਖਕ ਨਦੀਮ ਪਰਮਾਰ ਅਤੇ ਸਾਧੂ ਬਿਨਿੰਗ, ਪੰਜਾਬੀ ਸਾਹਿਤ ਸਭਾ ਉਤਰੀ ਅਮਰੀਕਾ ਦੇ ਪ੍ਰਿਤਪਾਲ ਗਿੱਲ, ਮੋਹਨ ਸਿੰਘ ਗਿੱਲ, ਲੋਕ ਲਿਖਾਰੀ ਸਭਾ ਦੇ ਜਗਦੇਵ ਜਟਾਣਾ, ਨਿਰਮਲ ਸਿੰਘ ਗਿੱਲ, ਮਨਜੀਤ ਸਿੰਘ ਮੀਤ ਸਮੇਤ ਬਹੁਤ ਸਾਰੀਆਂ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿਚ ਪੰਜਾਬੀ ਮੀਡੀਏ ਵਲੋਂ ਪੰਜਾਬੀ ਟ੍ਰਿਬਿਊਨ ਦੇ ਉਪ ਸੰਪਾਦਕ ਰਛਪਾਲ ਸਿੰਘ ਗਿੱਲ, ਦੇਸ ਪ੍ਰਦੇਸ ਦੇ ਗੁਰਮੀਤ ਸਿੰਘ ਸਿੱਧੂ, ਪੰਜਾਬੀ ਦੁਨੀਆਂ ਦੇ ਸੰਪਾਦਕ ਗੁਰਬਖਸ਼ ਸਿੰਘ ਸੈਣੀ, ਰੇਡੀਓ ਪੰਜਾਬ ਦੇ ਹੋਸਟ ਪਾਲ ਬੜੈਚ ਅਤੇ ਰੇਡੀਓ ਇੰਡੀਆਂ ਦੇ ਹੋਸਟ ਦਿਲਬਰ ਕੰਗ ਸਮੇਤ ਬਹੁਤ ਸਾਰੇ ਪੱਤਰਕਾਰ ਅਤੇ ਬੁੱਧੀਜੀਵੀ ਸ਼ਾਮਲ ਹੋਏ।

ਇਸੇ ਸੰਧਰਭ ਵਿਚ ਦਸੰਬਰ 14, 2003 ਨੂੰ ਕਾਵੈਂਟਰੀ ਇੰਗਲੈਂਡ ਵਿਖੇ ਅਦਾਰਾ ਸਾਊਥ ਏਸ਼ੀਅਨ ਰੀਵੀਊ ਪ੍ਰਿੰਸ ਜਾਰਜ ਅਤੇ ਵਿਰਾਸਤ ਫਾਊਂਡੇਸ਼ਨ ਵੈਨਕੂਵਰ ਵਲੋਂ ਇੰਡੀਅਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.) ਦੇ ਸਹਿਯੋਗ ਨਾਲ ਸ਼ਰਧਾਂਜਲੀ ਸਮਾਗਮ ਅਯੋਜਤ ਕੀਤਾ ਗਿਆ। ਜਿਸ ਵਿਚ ਸੈਂਕੜੇ ਇੰਗਲੈਂਡ ਦੇ ਵਿਦਵਾਨਾਂ ਵਲੋਂ ਇਸ ਵਿਚ ਭਾਗ ਲਿਆ ਅਤੇ ਇਸ ਮਹਾਨ ਸ਼ਖਸ਼ੀਅਤ ਨੂੰ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਇਸ ਵਿਚ ਕਨੇਡਾ ਤੋਂ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ

ਭੁਪਿੰਦਰ ਸਿੰਘ ਮਲ੍ਹੀ, ਅਮਰੀਕਾ ਤੋਂ ਉਘੇ ਚਿੰਤਕ ਡਾ. ਜਸਪਾਲ ਸਿੰਘ ਨੇ ਉਚੇਚੇ ਤੌਰ ਤੇ ਭਾਗ ਲਿਆ। ਇੰਗਲੈਂਡ ਤੋਂ ਪੰਜਾਬੀ ਲਿਖਾਰੀ ਅਤੇ ਆਈ ਡਬਲਯੂ ਏ (ਜੀ.ਬੀ.) ਦੇ ਪ੍ਰਧਾਨ ਅਜਮੇਰ ਕਾਵੈਂਟਰੀ, ਯੁਰਪੀਅਨ ਇਕਾਈ ਪੰਜਾਬੀ ਸੱਥ ਦੇ ਕਰਤਾ ਧਰਤਾ ਪ੍ਰੋ: ਮੋਤਾ ਸਿੰਘ ਸਰਾਂ, ਸਲਵਿੰਦਰ ਢਿੱਲੋਂ, ਰਛਪਾਲ ਦੋਸਾਂਝ, ਅਮਰੀਕ ਸਿੰਘ ਮਲ੍ਹੀ, ਮੈਗਜ਼ੀਨ ਇਹ ਦਿਨ ਦੇ ਸੰਪਾਦਕ ਹਰਜਿੰਦਰ ਸਮਰਾ ਆਦਿ ਨੇ ਇਸ ਵਿਚ ਸ਼ਮੂਲੀਅਤ ਕਰਕੇ ਆਪੋ ਆਪਣੀ ਸ਼ਰਧਾਂਜਲੀ ਦੇ ਫੁੱਲ ਭੇਂਟ ਕੀਤੇ।

# ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨੂੰ ਯਾਦ ਕਰਦਿਆਂ

ਡਾ. ਕਰਨੈਲ ਸਿੰਘ ਥਿੰਦ

*{ਇਹ ਪਰਚਾ ਨਵੰਬਰ 23, 2003 ਨੂੰ ਸਰੀ (ਬੀ.ਸੀ.) ਵਿਖੇ ਅਦਾਰਾ ਸਾਊਥ ਏਸ਼ੀਅਨ ਰੀਵੀਊ ਅਤੇ ਵਿਰਾਸਤ ਫਾਂਊਡੇਸ਼ਨ ਵਲੋਂ ਅਯੋਜਤ ਕੀਤੇ ਡਾ: ਪ੍ਰੇਮ ਪ੍ਰਕਾਸ਼ ਸਿੰਘ ਦੀ ਯਾਦ ਵਿਚ ਸ਼ਰਧਾਂਜਲੀ ਸਮਰੋਹ ਵਿਚ ਪੜ੍ਹਿਆ ਗਿਆ}*

ਦੁਨੀਆ ਭਰ ਦੇ ਪੰਜਾਬੀ ਸਨੇਹੀਆਂ ਲਈ 30 ਅਕਤੂਬਰ 2003 ਦੀ ਸਵੇਰ ਬਹੁਤ ਹੀ ਦੁਖਦਾਈ ਤੇ ਮਨਹੂਸ ਖ਼ਬਰ ਲੈ ਕੇ ਆਈ ਕਿ ਪੰਜਾਬੀ ਜਗਤ ਦੇ ਨਾਮਵਰ ਵਿਦਵਾਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦਿਲ ਦਾ ਦੌਰਾ ਪੈਣ ਕਾਰਨ ਇਸ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 77 ਵਰ੍ਹਿਆਂ ਦੇ ਸਨ। ਆਪਣੇ ਪਿੱਛੇ ਉਹ ਪਤਨੀ, ਬੇਟਾ, ਚਾਰ ਬੇਟੀਆਂ, ਉਨ੍ਹਾਂ ਦੇ ਪਰਿਵਾਰ ਅਤੇ ਦੇਸ ਪ੍ਰਦੇਸ ਵਿਚ ਅਣਗਿਣਤ ਸ਼ਰਧਾਲੂ ਛੱਡ ਗਏ ਹਨ। ਉਨ੍ਹਾਂ ਦਾ ਜਨਮ 10 ਦਸੰਬਰ 1926 ਨੂੰ ਜ਼ਿਲ੍ਹਾ ਫਰੀਦਕੋਟ ਦੇ ਪੰਜਗਰਾਈਂ ਨਾਂ ਦੇ ਪਿੰਡ ਵਿਚ ਹੋਇਆ ਸੀ ਅਤੇ ਪਿਛਲੇ ਕੁਝ ਸਾਲਾਂ ਤੋਂ ਉਹ ਆਪਣੀ ਛੋਟੀ ਬੇਟੀ ਦੇ ਨਾਲ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿ ਰਹੇ ਸਨ। ਇਕ ਮਹੀਨਾ ਪਹਿਲਾਂ ਹੀ ਉਹ ਆਪਣੀ ਦੋਹਤੀ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਪਟਿਆਲੇ ਗਏ ਸਨ ਅਤੇ ਦਸੰਬਰ ਦੇ ਅੰਤ ਤਕ ਵਾਪਸ ਕੈਨੇਡਾ ਪੁੱਜਣ ਦਾ ਪੱਕਾ ਪ੍ਰੋਗਰਾਮ ਸੀ।

ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ ਦੀ ਬਹੁਪੱਖੀ ਸ਼ਖ਼ਸੀਅਤ ਅਤੇ ਵੱਖ-ਵੱਖ ਖੇਤਰਾਂ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੁੱਖ ਰਖਦਿਆਂ ਵਿਰਾਸਤ ਫਾਊਂਡੇਸ਼ਨ, ਵੈਨਕੂਵਰ ਦੇ ਪ੍ਰਧਾਨ ਭੁਪਿੰਦਰ ਸਿੰਘ ਮੱਲ੍ਹੀ, ਸਾਊਥ ਏਸ਼ੀਅਨ ਰਿਵਿਊ, ਪ੍ਰਿੰਸ ਜਾਰਜ ਦੇ ਸੰਪਾਦਕ ਸੁੱਚਾ ਦੀਪਕ ਅਤੇ ਕੈਨੇਡਾ ਦੀਆਂ ਕੁਝ ਹੋਰ ਜਥੇਬੰਦੀਆਂ ਤੇ ਸੰਸਥਾਵਾਂ ਨੇ ਮਿਲ ਕੇ 23 ਨਵੰਬਰ 2003 ਨੂੰ ਸੱਰੀ ਦੇ ਧਾਲੀਵਾਲ ਬੈਂਕਿਟ ਹਾਲ ਵਿਚ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ੋਕ ਸਭਾ ਕਰਨ ਦੀ ਜੋ ਯੋਜਨਾ ਬਣਾਈ ਹੈ, ਇਹ ਪ੍ਰਦੇਸਾਂ ਵਿਚ ਰਹਿੰਦੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਸਨੇਹੀਆਂ ਵਲੋਂ ਅਕੀਦਤ ਦੇ ਫੁੱਲ ਭੇਟ ਕਰਨ ਦਾ ਇਕ ਸ਼ਲਾਘਾਯੋਗ ਉੱਦਮ ਹੈ। ਮੈਨੂੰ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੇ ਵਿਦਿਆਰਥੀ ਹੋਣ ਦਾ ਅਤੇ ਅੱਧੀ ਸਦੀ ਉਨ੍ਹਾਂ ਦੀ ਰਹਿਨੁਮਾਈ ਹਾਸਲ ਕਰਨ ਦਾ ਮਾਣ ਹਾਸਲ ਹੈ। ਇਸ ਮੌਕੇ ’ਤੇ ਤੁਹਾਡੇ ਨਾਲ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਹਯਾਤੀ, ਸ਼ਖ਼ਸੀਅਤ ਅਤੇ ਵੱਖ-ਵੱਖ ਖੇਤਰਾਂ ਵਿਚ ਉਨ੍ਹਾਂ ਦੀ ਦੇਣ ਬਾਰੇ ਕੁਝ ਵਿਚਾਰ ਸਾਂਝੇ ਕਰਨ ਦੀ ਖੁੱਲ੍ਹ ਲੈਂਦਾ ਹਾਂ।

ਪੰਜਾਬੀ ਦੇ ਉਰਦੂ ਵਿਚ ਮੁਢਲੀ ਸਿੱਖਿਆ ਹਾਸਲ ਕਰਨ ਉਪਰੰਤ ਉਨ੍ਹਾਂ ਨੇ ਕੁਈਨਜ਼ ਕਾਲਜ, ਵਾਰਾਨਸੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਸੰਸਕ੍ਰਿਤ ਭਾਸ਼ਾ ਵਿਚ ਪ੍ਰਬੀਨਤਾ ਹਾਸਲ ਕੀਤੀ। ਵਾਪਸ ਪਰਤ ਕੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਆਨਰਜ਼ ਇਨ ਸੰਸਕ੍ਰਿਤ ਵਿਚ ਗੋਲਡ ਮੈਡਲ ਪ੍ਰਾਪਤ ਕੀਤਾ। 1947 ਤੋਂ ਪਿਛੋਂ ਆਨਰਜ਼ ਹਿੰਦੀ ਤੇ ਪੰਜਾਬੀ, ਐਮ.ਏ. (ਪੰਜਾਬੀ, ਹਿੰਦੀ ਤੇ ਸੰਸਕ੍ਰਿਤ) ਅਤੇ ਐਮ.ਓ.ਐਲ. (Master of Oriental Learning) ਦੀਆਂ ਡਿਗਰੀਆਂ ਵੀ ਹਾਸਲ ਕੀਤੀਆਂ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਸਾਰੀ ਬਾਣੀ ਉਨ੍ਹਾਂ ਨੂੰ ਜ਼ੁਬਾਨੀ ਯਾਦ ਸੀ। ਉਨ੍ਹਾਂ ਨੇ ‘ਗੁਰੂ ਨਾਨਕ ਅਤੇ ਨਿਰਗੁਣਵਾਦੀ ਕਾਵਿ’ ਵਿਸ਼ੈ ਉੱਪਰ ਖੋਜ ਕਰਕੇ ਡਾਕਟਰੇਟ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੇ ਅਕਾਦਮਿਕ ਜੀਵਨ ਦਾ ਆਰੰਭ 1950 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਹਿੰਦੀ ਅਤੇ ਪੰਜਾਬੀ ਦੇ ਲੈਕਚਰਾਰ ਵਜੋਂ ਹੋਇਆ। 1963 ਵਿਚ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਬਤੌਰ ਰੀਡਰ-ਹੈੱਡ ਜਾਇਨ ਕੀਤਾ। 1986 ਵਿਚ ਪ੍ਰੋਫੈਸਰ ਵਜੋਂ ਰਿਟਾਇਰ ਹੋਏ। ਇਸ ਦੌਰਾਨ ਉਹ ਸਮੇਂ-ਸਮੇਂ ਆਫੀਸਰ ਇਨਚਾਰਜ ਟਰਾਂਸਲੇਸ਼ਨ ਵਿਭਾਗ, ਪੰਜਾਬ ਸਰਕਾਰ (1955), ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ (1956-63), ਡਾਇਰੈਕਟਰ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ (1972-74) ਦੇ ਮਹੱਤਵਪੂਰਨ ਅਹੁਦਿਆਂ ’ਤੇ ਕੰਮ ਕਰਦੇ ਰਹੇ। ਪੰਜਾਬੀ ਯੂਨੀਵਰਸਿਟੀ ਦੀ ਸਰਵਿਸ ਤੋਂ ਸੇਵਾ-ਮੁਕਤ ਹੋਣ ਤੋਂ ਪਿਛੋਂ ਵੀ ਦੋ ਸਾਲ ਪ੍ਰੋਫੈਸਰ ਅਤੇ ਚਾਰ

ਸਾਲ ਫੈਲੋ (ਅਕਾਦਮਿਕ) ਕੰਮ ਕਰਦੇ ਰਹੇ। ਡਾਕਟਰ ਸਾਹਿਬ ਨੇ ਆਪਣੀ ਹਰ ਜ਼ਿੰਮੇਵਾਰੀ ਨੂੰ ਇਕਸਾਰ ਲਗਨ ਅਤੇ ਮਿਹਨਤ ਨਾਲ ਨਿਭਾਇਆ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸੂਚੀ ਬਹੁਤ ਲੰਮੀ ਹੈ।

ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ ਦੀ ਖੋਜ ਹਮੇਸ਼ਾ ਪ੍ਰੋਫੈਸਰ ਸਾਹਿਬ ਦੀ ਪਹਿਲੀ ਤਰਜੀਹ ਰਹੀ। ਉਹ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ, ਫ਼ਾਰਸੀ, ਉਰਦੂ, ਬ੍ਰਿਜ ਭਾਸ਼ਾ, ਬੋਧੀ ਤੇ ਜੈਨੀ ਪ੍ਰਾਕਿਰਤਾਂ ਤੇ ਅਪਭਰੰਸ਼ਾਂ ਤੋਂ ਪੂਰੀ ਤਰ੍ਹਾਂ ਜਾਣੂ ਸਨ। ਬਹੁ-ਭਾਸ਼ਾਈ ਜਾਣਕਾਰੀ ਨੇ ਪੰਜਾਬੀ ਭਾਸ਼ਾ ਦੀ ਖੋਜ ਸਬੰਧੀ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ ਹੈ। 1954 ਵਿਚ ਉਨ੍ਹਾਂ ਦੀ ਪਹਿਲੀ ਪੁਸਤਕ ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ ਛਪੀ ਸੀ। ਇਸ ਤੋਂ ਪਿਛੋਂ ਪੰਜਾਬੀ ਭਾਸ਼ਾ ਦਾ ਪਿਛੋਕੜ (1975), ਸਿੱਧਾਂਤਕ ਭਾਸ਼ਾ ਵਿਗਿਆਨ (1989) ਪੰਜਾਬ ਭਾਸ਼ਾ ਦੇ ਸਰੋਤ ਤੇ ਬਣਤਰ (1977), ਰੂਪ ਵਿਗਿਆਨ ਤੇ ਪੰਜਾਬੀ ਸ਼ਬਦ ਰਚਨਾ (2000) ਨਾਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋਈਆਂ। ਇਸ ਸਮੇਂ ਉਨ੍ਹਾਂ ਦੀ ਨਵੀਂ ਪੁਸਤਕ ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ ਛਪ ਚੁੱਕੀ ਹੈ। ਕੇਵਲ ਭੂਮਿਕਾ ਬਾਕੀ ਸੀ ਜਿਹੜੀ ਉਨ੍ਹਾਂ ਨੇ 29 ਅਕਤੂਬਰ ਦੀ ਸ਼ਾਮ ਨੂੰ ਮੁਕੰਮਲ ਕਰ ਲਈ ਸੀ ਪਰਆਪਣੀ ਇਸ ਪੁਸਤਕ ਨੂੰ ਛਪੀ ਹੋਈ ਸ਼ਕਲ ਵਿਚ ਦੇਖਣ ਤੋਂ ਪਹਿਲਾਂ ਹੀ ਉਹ ਪ੍ਰਭੂ ਨੂੰ ਪਿਆਰੇ ਹੋ ਗਏ।

ਪੰਜਾਬੀ ਭਾਸ਼ਾ ਦੇ ਨਿਕਾਸ ਜਾਂ ਜਨਮ ਬਾਰੇ ਵਿਦਵਾਨ ਖੋਜੀਆਂ ਵਿਚ ਕਾਫੀ ਭੁਲੇਖੇ ਚਲੇ ਆ ਰਹੇ ਹਨ। ਡਾ. ਜਾਰਜ ਗ੍ਰਿਅਰਸਨ ਦਾ ਮੱਤ ਹੈ ਕਿ ਪੰਜਾਬੀ ਦੀ ਜਨਮ ਦਾਤੀ ਸ਼ੌਰਸ਼ੈਣੀ ਪ੍ਰਾਕ੍ਰਿਤ ਹੈ। ਪਾਕਿਸਤਾਨੀ ਜ਼ੁਬਾਨਾਂ ਦੀ ਖੋਜ ਦੇ ਮਾਹਿਰ ਐਨੁਲਹੱਕ ਫਰੀਦਕੋਟੀ ਨੇ ਉਰਦੂ ਜ਼ੁਬਾਨ ਦੀ ਕਦੀਮ ਤਾਰੀਖ ਨਾਂ ਦੀ ਕਿਤਾਬ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬੀ ਗ਼ੈਰ-ਆਰੀਅਨਪਰਿਵਾਰ ਦੀ ਜ਼ੁਬਾਨ ਹੈ ਤੇ ਇਸ ਦੀ ਜਨਮਦਾਤੀ ਦਰਾਵਿੜੀ ਭਾਸ਼ਾ ਹੈ। ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ ਨੇ ਆਪਣੀ ਮੌਲਿਕ ਖੋਜਦੁਆਰਾ ਨਿੱਗਰ ਦਲੀਲਾਂ ਦੇ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬੀ ਬੋਲੀ ਦੀ ਆਪਣੀ ਨਵੇਕਲੀ ਹਸਤੀ ਹੈ। ਇਸ ਦਾ ਜਨਮ ਮੱਧਕਾਲ ਸਮੇਂ ਪੰਜਾਬ ਵਿਚ ਪ੍ਰਚਲਿਤ ਕੈਕਈ, ਟੱਕ ਅਤੇ ਮਦਰ ਨਾਂ ਦੀਆਂ ਪ੍ਰਾਕ੍ਰਿਤਾਂ ਤੋਂ ਹੋਇਆ ਹੈ। ਉਨ੍ਹਾਂ ਦੀ ਖੋਜ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਪੰਜਾਬੀ ਭਾਸ਼ਾ ਦੀ ਆਜ਼ਾਦ ਤੇ ਨਵੇਕਲੀ ਹਸਤੀ ਹੈ; ਇਸ ਦੀਆਂ ਨਿੱਜੀ ਤੇ ਜੱਦੀ ਵਿਸ਼ੇਸ਼ਤਾਵਾਂ ਹਨ; ਇਸ ਦਾ ਆਪਣਾ ਵਿਲੱਖਣ, ਸੁਤੰਤਰ ਤੇ ਨਵੇਕਲਾ ਸਥਾਨ ਹੈ। ਇਹ ਨਾ ਤਾਂ ਕਿਸੇ ਭਾਸ਼ਾ ਦੀ ਉਪ ਬੋਲੀ ਹੈ (ਜਿਵੇਂ ਹਿੰਦੀ ਤੇ ਕੁਝ ਵਿਦਵਾਨ ਕਹਿੰਦੇ ਹਨ) ਅਤੇ ਨਾ ਹੀ ਪੰਜਾਬੀ ਅਨਆਰੀਅਨ ਭਾਸ਼ਾ ਜਾਂ ਗ਼ੈਰ-ਆਰੀਅਨ ਜ਼ਬਾਨ ਹੈ।

ਸਿੱਖਿਆ ਸ਼ਾਸਤਰੀਆਂ ਅਤੇ ਭਾਸ਼ਾ-ਮਾਹਿਰਾਂ ਨੇ ਪੰਜਾਬ ਸਰਕਾਰ ਦੀ ਭਾਸ਼ਾ ਨੀਤੀ ਅਤੇ ਮਾਂ-ਬੋਲੀ ਦੇ ਮਹੱਤਵ ਆਦਿ ਪੱਖਾਂ ਸੰਬੰਧੀ ਕਾਫੀ ਕੁਝ ਲਿਖਿਆ ਹੈ, ਪਰ ਭਾਸ਼ਾ ਵਿਗਿਆਨ ਦੇ ਸਿੱਧਾਂਤਕ ਪੱਖਾਂ: ਰੂਪ ਵਿਗਿਆਨ, ਧੁਨੀ ਵਿਗਿਆਨ, ਅਰਥ ਵਿਗਿਆਨ ਆਦਿ ਅਤੇ ਪੰਜਾਬੀ ਭਾਸ਼ਾ ਦੇ ਪਿਛੋਕੜ, ਇਸ ਦੇ ਨਿਕਾਸ ਅਤੇ ਵਿਕਾਸ ਬਾਰੇ ਜਿਸ ਢੰਗ ਨਾਲ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਲਿਖਿਆ ਹੈ, ਉਸ ਦਾ ਹੋਰ ਕੋਈ ਸਾਨੀ ਨਹੀਂ। ਪੰਜਾਬੀ ਦੇ ਪ੍ਰਸਿੱਧ ਵਿਦਵਾਨਤੇ ਖਾਲਸਾ ਕਾਲਜ ਸਮੇਂ ਉਨ੍ਹਾਂ ਦੇ ਸਾਥੀ ਪ੍ਰੋਫੈਸਰ ਪ੍ਰੋ. ਰੋਸ਼ਨ ਲਾਲ ਆਹੂਜਾ ਤੇ ਡਾ. ਦੀਵਾਨ ਸਿੰਘ ਉਨ੍ਹਾਂ ਨੂੰ ਵਰਤਮਾਨ ਯੁਗ ਦਾ ਪਾਣਿਨੀ ਕਹਿੰਦੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ ਜੋ ਖੁਦ ਭਾਸ਼ਾ ਵਿਗਿਆਨੀ ਹਨ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਨੂੰ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਦਾ ਮੋਢੀ ਮੰਨਦੇ ਹਨ।

ਪੰਜਾਬੀ ਬੋਲੀ ਦੇ ਵਿਕਾਸ ਨੂੰ ਮੁੱਖ ਰਖਦਿਆਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੱਖ-ਵੱਖ ਪ੍ਰਕਾਰ ਦੀਆਂ ਡਿਕਸ਼ਨਰੀਆਂ ਅਥਵਾ ਕੋਸ਼ਾਂ ਦੀ ਤਿਆਰੀ ਵਿਚ ਵੀ ਕਾਫੀ ਯੋਗਦਾਨ ਪਾਇਆ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਭਾਰਤ ਸਰਕਾਰ ਲਈ ਤਿਆਰ ਕੀਤੇ ਗਏ ਅੰਗਰੇਜ਼ੀ-ਪੰਜਾਬੀ-ਹਿੰਦੀ ਤ੍ਰੈਭਾਸ਼ੀ ਕੋਸ਼ (1969) ਦੇ ਉਹ ਮੁੱਖ ਸੰਪਾਦਕ ਸਨ;ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅੰਗਰੇਜ਼ੀ-ਪੰਜਾਬੀ ਕੋਸ਼ (1975) ਦੇ ਸਲਾਹਕਾਰ ਬੋਰਡ ਦੇ ਮੈਂਬਰ ਅਤੇ ਸੰਸਕ੍ਰਿਤ ਪੰਜਾਬੀ ਕੋਸ਼ ਦੇ ਮੁੱਖ ਸੰਪਾਦਕ ਸਨ। ਇਸੇ ਪ੍ਰਕਾਰ ਪੰਜਾਬੀ ਵਿਚ ਤਿਆਰ ਕੀਤੇ ਗਏ ਸਮਾਨਾਰਥੀ ਅਤੇ ਵਿਰੋਧੀ ਅਰਥਾਂ ਦਾ ਜੋ ਸ਼ਬਦ-ਭੰਡਾਰ: ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼ ਤਿਆਰ ਕੀਤਾ ਗਿਆ ਉਸ ਦੇ ਸੰਪਾਦਕੀ ਬੋਰਡ ਦੇ ਉਹ ਮੈਂਬਰ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਭਾਸ਼ਾ ਦੀ ਖੋਜ, ਮੁਤਾਲਿਆਂ ਅਤੇ ਅਧਿਆਪਨ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਹਮੇਸ਼ਾ ਪਹਿਲੀ ਪਸੰਦ ਰਹੀ, ਪਰ ਉਨ੍ਹਾਂ ਨੇ ਸਾਹਿਤ ਦੀ ਪਰਖ ਅਤੇ ਵਿਹਾਰਕ ਆਲੋਚਨਾ ਬਾਰੇ ਵੀ ਸਿੱਕੇਬੱਧ ਕੰਮ ਕੀਤਾ ਹੈ। ਇਸ ਖੇਤਰ ਵਿਚ ਭਾਰਤੀ ਕਾਵਿ ਸ਼ਾਸਤਰ (1993), ਸਾਹਿਤ ਵਿਵੇਚਨ (1996), ਮੋਹਨ ਸਿੰਘ ਦਾ ਕਾਵਿ ਲੋਕ (1970), ਸਫੀਰ ਦਾ ਕਾਵਿ ਲੋਕ (1971), ਕਾਵਿ ਦੇ ਤੱਤ (1972), ਗੁਰੂ ਨਾਨਕ ਅਤੇ ਨਿਰਗੁਣ ਕਾਵਿ (1972) ਅਤੇ ਪ੍ਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ (1999) ਖਾਸ ਵਰਨਣਯੋਗ ਪੁਸਤਕਾਂ ਹਨ। ਪੰਜਾਬੀ ਦੇ ਬਹੁਤੇ ਆਲੋਚਕਾਂ ਨੇ ਪੜਚੋਲ ਕਰਦੇ ਸਮੇਂ ਵਧੇਰੇ ਕਰਕੇ ਸਾਹਿਤ ਅਧਿਅਨ ਦੀਆਂ ਪੱਛਮੀ ਪ੍ਰਣਾਲੀਆਂ ਨੂੰ ਹੀ ਮੁੱਖ ਰਖਿਆ ਹੈ, ਪਰ ਸਾਹਿਤ ਦੀ

ਪਰਖ ਦੇ ਪੂਰਬੀ ਮਾਪ ਦੰਡਾਂ ਦੀ ਪੇਸ਼ਕਾਰੀ ਕਰਨ ਅਤੇ ਕਵਿਤਾ ਦੀ ਨਬਜ਼ ਨੂੰ ਪਛਾਨਣ ਲਈ ਭਾਰਤੀ ਕਾਵਿ ਸ਼ਾਸਤਰ ਨਾਂ ਦੀ ਪੁਸਤਕ ਪਿਛਲੇ ਚਾਰ ਦਹਾਕਿਆਂ ਤੋਂ ਪਾਠਕਾਂ, ਆਲੋਚਕਾਂ ਅਤੇ ਅਧਿਆਪਕਾਂ ਦੀ ਅਗਵਾਈ ਕਰਦੀ ਆ ਰਹੀ ਹੈ। ਹੁਣ ਤੱਕ ਇਸ ਦੇ ਛੇ ਐਡੀਸ਼ਨ ਛਪ ਚੁੱਕੇ ਹਨ। ਡਾ. ਸਿੱਧੇਸ਼ਵਰ ਵਰਮਾ ਦੇ ਸ਼ਬਦਾਂ ਵਿਚ ਇਸ ਪੁਸਤਕ ਦੇ ਛਪਣ ਨਾਲ ਪੰਜਾਬੀ ਸਾਹਿਤ ਦਾ ਕੱਦ ਉੱਚਾ ਹੋਇਆ ਹੈ। ਕਵਿਤਾ ਦੇ ਹਰ ਪਾਰਖੂ ਨੇ ਕਾਵਿ ਦੇ ਤੱਤ ਪੁਸਤਕ ਤੋਂ ਸਹਾਇਤਾ ਲਈ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪਿਛਲੇ 15 ਸਾਲਾਂ ਵਿਚ ਬਹੁਤਾ ਸਮਾਂ ਪਰਵਾਸ ਵਿਚ ਗੁਜ਼ਾਰਿਆ ਹੈ। ਉਨ੍ਹਾਂ ਦੀ ਇਕ ਬੇਟੀ ਸਵੀਡਨ ਹੈ, ਦੋ ਬੇਟੀਆਂ ਕੈਨੇਡਾ ਹਨ ਅਤੇ ਬੇਟਾ ਅਮਰੀਕਾ ਵਿਚ ਹੈ। ਧੀਆਂ, ਪੁੱਤਰ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਵਿਚਰਨ ਦੇ ਨਾਲ-ਨਾਲ ਉਹ ਪ੍ਰਵਾਸੀ ਸਭਿਆਚਾਰ ਅਤੇ ਪ੍ਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ ਵੀ ਕਰਦੇ ਰਹੇ। ਪ੍ਰਵਾਸੀ ਪੰਜਾਬੀ ਸਾਹਿਤ: ਮੁੱਲ ਤੇ ਮੁਲਾਂਕਣ ਨਾਂ ਦੀ ਪੁਸਤਕ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਪਿੱਛੇ ਕੰਮ ਕਰ ਰਹੀਆਂ ਪ੍ਰਵਿਰਤੀਆਂ ਦੀ ਝਲਕ ਵੀ ਪੇਸ਼ ਕਰਦੀ ਹੈਅਤੇ ਮੁਲਾਂਕਣ ਵੀ। ਮੋਹਨ ਸਿੰਘ ਦਾ ਕਾਵਿ ਲੋਕ ਅਤੇ ਸਫੀਰ ਦਾ ਕਾਵਿ ਲੋਕ ਪੁਸਤਕਾਂ ਵਾਂਗ ਇਹ ਰਚਨਾ ਵਿਹਾਰਕ ਆਲੋਚਨਾਂ ਅਤੇ ਪ੍ਰਵਾਸੀ ਚਿੰਤਨ ਦੀ ਪੇਸ਼ਕਾਰੀ ਦੀ ਸੁੰਦਰ ਮਿਸਾਲ ਹੈ। ਇਸ ਤਰ੍ਹਾਂ ਭਾਸ਼ਾ ਵਿਗਿਆਨੀ ਦੇ ਨਾਲ ਹੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਬਹੁ-ਪੱਖੀ ਪ੍ਰਤਿਭਾ ਦਾ ਦੂਜਾ ਮੁੱਖ ਬਿੰਬ-ਆਲੋਚਕ ਦਾ ਹੈ।

ਪੰਜਾਬੀ ਦੇ ਨਾਲ-ਨਾਲ ਡਾ. ਪ੍ਰੇਮ ਪ੍ਰਕਾਸ਼ ਸਿੰਘ ਹਿੰਦੀ ਵਿਚ ਲਿਖਦੇ ਰਹੇ ਹਨ। ਗੁਰੂ ਤੇਗ ਬਹਾਦਰ: ਜੀਵਨ, ਦਰਸ਼ਨ ਔਰ ਕਾਵਿਯ-ਕਲਾ ਨਾਂ ਦੀ ਪੁਸਤਕ ਦਾ ਸੰਪਾਦਨ (1966), ਬਾਣੀ ਗੁਰੂ ਗੋਬਿੰਦ ਸਿੰਘ (1969) ਹਿੰਦੀ ਸ਼ਬਦਾਰਥ ਗੁਰੂ ਗ੍ਰੰਥ ਸਾਹਿਬ (1988) ਅਤੇ ਜਪੁਜੀ ਪਾਠ ਔਰ ਪ੍ਰਵਚਨ (2000) ਆਦਿ ਪੁਸਤਕਾਂ ਹਿੰਦੀ ਵਿਚ ਉਪਲਬਧ ਹਨ। ਪੰਜਾਬੀ ਅਤੇ ਹਿੰਦੀ ਵਿਚ ਇਕ ਸੌ ਤੋਂ ਉੱਪਰ ਖੋਜ ਨਿਬੰਧ ਵੱਖ-ਵੱਖ ਖੋਜ-ਪੱਤਰਾਂ ਵਿਚ ਛਪੇ ਮਿਲਦੇ ਹਨ। ਵਧੇਰੇ ਕਰਕੇ ਇਨ੍ਹਾਂ ਦਾ ਸਬੰਧ ਭਾਸ਼ਾ, ਲਿੱਪੀ, ਗੁਰਬਾਣੀ, ਸਾਹਿਤ ਦੀ ਪਰਖ ਅਤੇ ਸਭਿਆਚਾਰ ਆਦਿ ਵਿਸ਼ਿਆਂ ਨਾਲ ਹੈ। ਕੁਝ ਰਸਾਲਿਆਂ ਵਿਚ ਉਨ੍ਹਾਂ ਦੀਆਂ ਹਿੰਦੀ ਤੇ ਪੰਜਾਬੀ ਵਿਚ ਛਪੀਆਂ ਕਵਿਤਾਵਾਂ ਤੇ ਗੀਤ ਵੀ ਮਿਲਦੇ ਹਨ ਜੋ ਉਨ੍ਹਾਂ ਦੀ ਸਿਰਜਣਾਤਮਕ ਪ੍ਰਤਿਭਾ ਦਾ ਪ੍ਰਮਾਣ ਹਨ। ਪੰਜਾਂ ਜਿਲਦਾਂ ਵਿਚ ਮਹਾਂਭਾਰਤ ਦਾ ਸੰਸਕ੍ਰਿਤ ਤੋਂ ਸਿੱਧਾ ਪੰਜਾਬੀ ਅਨੁਵਾਦ ਉਨ੍ਹਾਂ ਦਾ ਇਕ ਹੋਰ ਵਿਸ਼ੇਸ਼ ਕਾਰਜ ਹੈ।

ਕਿਸੇ ਵੀ ਭਾਸ਼ਾ ਦਾ ਆਪਣੇ ਖਿਤੇ ਦੇ ਸਭਿਆਚਾਰ ਨਾਲ ਘਨਿਸ਼ਟ ਸਬੰਧ ਹੁੰਦਾ ਹੈ। ਆਪਣੇ ਇਕ ਲੇਖ "ਪੰਜਾਬੀ ਸਭਿਆਚਾਰ ਦਾ ਆਦਿ ਬਿੰਦੂ" ਵਿਚ ਉਹ ਪੂਰਵ-ਹੜੱਪਾ ਤੇ ਹੜੱਪਾਈ ਯੁੱਗ ਨੂੰ ਪੰਜਾਬੀ ਸਭਿਆਚਾਰ ਦਾ ਆਦਿ ਯੁੱਗ ਅਤੇ ਰਿਗਵੇਦ ਤੋਂ ਪੰਜਾਬੀ ਸਭਿਆਚਾਰ ਦਾ ਆਦਿ ਬਿੰਦੂ ਸਥਾਪਤ ਹੋਇਆ ਮੰਨਦੇ ਹਨ। ਪੰਜਾਬੀ ਭਾਸ਼ਾ ਵਾਂਗ ਉਹ ਪੰਜਾਬੀ ਸਭਿਆਚਾਰ ਦੀਆਂ ਵਿਲੱਖਣਤਾਵਾਂ ਦਾ ਉਲੇਖ ਵੀ ਕਰਦੇ ਹਨ।

ਆਪਣੇ ਜੀਵਨ ਕਾਲ ਵਿਚ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਕਈ ਅਕਾਦਮਿਕ, ਸਭਿਆਚਾਰਕ ਅਤੇ ਸਾਹਿਤਕ ਸੰਸਥਾਵਾਂ ਨਾਲ ਵੱਖ-ਵੱਖ ਪੋਜ਼ੀਸ਼ਨਾਂ ਵਿਚ ਜੁੜੇ ਰਹੇ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ ਦੇ ਉਹ ਬਾਨੀ ਮੈਂਬਰਾਂ ਵਿਚੋਂ ਸਨ। ਸੰਸਕ੍ਰਿਤ ਵਿਸ਼ਵ ਪ੍ਰੀਸ਼ਦ ਸ਼ਿਮਲਾ ਦੇ ਉਹ ਪ੍ਰਧਾਨ ਰਹੇ। ਭਾਰਤੀ ਸਾਹਿਤ ਅਕਾਦਮੀ ਦਿੱਲੀ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਦਿੱਲੀ ਦੇ ਤਿੰਨ-ਤਿੰਨ ਸਾਲਾਂ ਲਈ ਮੈਂਬਰ ਨਾਮਜ਼ਦ ਕੀਤੇ ਗਏ। ਯੂਨੀਵਰਸਿਟੀ ਵਿਚ ਵੀ ਉਹ ਅਕਾਦਮਿਕ ਕੌਂਸਲ, ਸੈਨੇਟ, ਸਿੰਡੀਕੇਟ ਦੇ ਮੈਂਬਰ ਤੇ ਭਾਸ਼ਾ ਫੈਕਲਟੀ ਦੇ ਡੀਨ ਰਹੇ। ਪ੍ਰਿੰਸ ਜਾਰਜ, ਕੈਨੇਡਾ ਵਿਖੇ ਇਸੇ ਸਾਲ ਜੁਲਾਈ ਵਿਚ ਹੋਈ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਉਹ ਸਰਪ੍ਰਸਤ ਸਨ। ਜਿਥੇ ਉਨ੍ਹਾਂ ਨੇ ਆਪਣਾ ਬਹੁਤ ਹੀ ਮਹੱਤਵਪੂਰਨ ਖੋਜ ਪਰਚਾ, ਪੰਜਾਬੀ ਦੋਮ ਦੀ ਭਾਸ਼ਾ ਪੰਜਾਬੀ ਦੀਆਂ ਵਿਸ਼ੇਸ਼ਤਾਈਆਂ ਪੇਸ਼ ਕੀਤਾ।

ਉਨ੍ਹਾਂ ਦੀਆਂ ਬਹੁ-ਭਾਂਤੀ ਪ੍ਰਾਪਤੀਆਂ ਨੂੰ ਮੁੱਖ ਰੱਖਕੇ ਕੁਝ ਸੰਸਥਾਵਾਂ ਅਤੇ ਅਦਾਰੇ ਸਮੇਂ-ਸਮੇਂ ਉਨ੍ਹਾਂ ਦਾ ਸਨਮਾਨ ਕਰਦੇ ਰਹੇ ਹਨ। ਇਨ੍ਹਾਂ ਵਿਚੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ (ਧਾਲੀਵਾਲ ਐਵਾਰਡ), ਗੁਰੂ ਨਾਨਕ ਦੇਵ ਯੂਨੀਵਰਸਿਟੀ (ਪ੍ਰਵਾਸੀ ਸਾਹਿਤਕ ਐਵਾਰਡ), ਇਆਪਾ (ਇੰਟਰਨੈਸ਼ਨਲ ਸ਼੍ਰੋਮਣੀ ਸਾਹਿਤ ਅਤੇ ਆਲੋਚਨਾ ਐਵਾਰਡ), ਇੰਡੋ ਕੈਨੇਡੀਅਨ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ, ਅੰਤਰ-ਰਾਜੀ ਕਲਾ ਮੰਚ ਬਰਨਾਲਾ, ਆਦਿ ਖਾਸ ਵਰਨਣਯੋਗ ਹਨ। ਕੈਨੇਡਾ ਦੀਆਂ ਦੋ ਯੂਨੀਵਰਸਿਟੀਆਂ ਵੱਲੋਂ ਉਨ੍ਹਾਂ ਨੂੰ ਆਕਰਸ਼ਕ ਪੇਸ਼ਕਸ਼ ਕੀਤੀਆਂ ਗਈਆਂ ਪਰ ਆਪਣੀ ਸਹਿਜ ਬਿਰਤੀ ਕਾਰਨ ਉਹ ਪ੍ਰਵਾਨ ਨਾ ਕਰ ਸਕੇ।

ਪ੍ਰੋ. ਪ੍ਰੇਮ ਸਿੰਘ ਧਾਲੀਵਾਲ ਦੀਆਂ ਪ੍ਰਾਪਤੀਆਂ ਦੀ ਇਹ ਸੂਚੀ ਮੂਲੋਂ ਹੀ ਅਧੂਰੀ ਹੈ। ਫਿਲਹਾਲ ਉਹ ਬਹੁਤ ਕੁਝ ਹੋਰ ਵੀ ਕਰਨਾ ਲੋਚਦੇ ਸਨ। ਤਿੰਨ ਮਹੀਨੇ ਪਹਿਲਾਂ ਸੁੱਚਾ ਦੀਪਕ, ਭੁਪਿੰਦਰ ਮੱਲ੍ਹੀ ਤੇ ਡਾ. ਜਸਪਾਲ ਉਨ੍ਹਾਂ ਨਾਲ ਮਿਲ ਕੇ ਕੁਝ ਯੋਜਨਾਵਾਂ ਬਾਰੇ ਵਿਚਾਰ ਕਰ ਰਹੇ ਸਨ। ਪ੍ਰੋ. ਸਾਹਿਬ ਦੀ ਜ਼ਿੰਦਗੀ ਨੇ ਸਾਥ ਨਹੀਂ ਦਿੱਤਾ ਅਤੇ ਸਾਰੇ ਸੁਪਨੇ ਅਧੂਰੇ ਰਹਿ ਗਏ ਹਨ।

ਡਾ. ਪ੍ਰੇਮ ਸਿੰਘ ਦੀ ਵਿਦਾਇਗੀ ਉਪਰੰਤ ਮੈਂ ਨਹੀਂ ਜਾਣਦਾ ਉਨ੍ਹਾਂ ਦਾ ਪਰਿਵਾਰ ਕੀ ਸੋਚਦਾ ਹੋਵੇਗਾ? ਉਨ੍ਹਾਂ ਦੇ ਸਨੇਹੀ ਤੇ ਮਿੱਤਰ ਪਿਆਰੇ ਕਿਵੇਂ ਮਹਿਸੂਸ ਕਰਦੇ ਹੋਣਗੇ? ਸਾਰੀ ਦੁਨੀਆ ਦੇ ਕੋਨੇ-ਕੋਨੇ ਵਿਚ ਬੈਠੇ ਉਨ੍ਹਾਂ ਦੇ ਸ਼ਾਗਿਰਦਾਂ ਦਾ ਪ੍ਰਤੀਕਰਮ ਕੀ ਹੈ? ਮੈਂ 1951-53 ਦੋ ਸਾਲ ਉਨ੍ਹਾਂ ਪਾਸੋਂ ਖਾਲਸਾ, ਅੰਮ੍ਰਿਤਸਰ ਵਿਚ ਪੜ੍ਹ ਕੇ ਐਮ.ਏ. ਪੰਜਾਬੀ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਅੱਧੀ ਸਦੀ ਗੁਜ਼ਰਨ ਦੇ ਨਾਲ-ਨਾਲ ਸਾਡੀ ਨੇੜਤਾ ਹੋਰ ਵਧਦੀ ਗਈ। ਉਨ੍ਹਾਂ ਤੋਂ ਬਿਨਾਂ ਮੈਂ ਆਪਣੇ ਆਪ ਨੂੰ ਅਧੂਰਾ ਅਨੁਭਵ ਕਰਦਾ ਹਾਂ। ਮੇਰੀਆਂ ਨਜ਼ਰਾਂ ਵਿਚ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦਾ ਵਿਅਕਤਿਤਵ ਇਕ ਅਜੇਹੀ ਤ੍ਰੈ-ਮੂਰਤੀ ਦੀ ਨਿਆਈਂ ਸੀ ਜਿਸ ਦੇ ਇਕ ਪਹਿਲੂ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਮੋਈ ਹੋਈ ਸੀ, ਦੂਜੇ ਭਾਗ ਵਿਚ ਭਾਰਤੀ ਸੰਸਕ੍ਰਿਤੀ ਦੀ ਵੈਦਿਕ ਰਿਸ਼ੀਆਂ ਵਾਲੀ ਗਿਆਨ ਦੀ ਧਾਰਾ ਵਹਿ ਰਹੀ ਸੀ ਅਤੇ ਤੀਜੀ ਮੂਰਤ ਇਕ ਅਜੇਹੇ ਬੇ-ਨਜ਼ੀਰ ਇਨਸਾਨ ਦੀ ਸੀ ਜਿਸ ਵਿਚ ਆਪਾ ਵਾਰੂ ਸ਼ਖ਼ਸੀਅਤ ਦੇ ਸਹਿਜ ਗੁਣ ਵਿਦਮਾਨ ਸਨ। ਅਜੇਹਾ ਇਨਸਾਨ ਜਿਸ ਬਾਰੇ ਕਿਹਾ ਗਿਆ ਹੈ:

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਣਨਾ
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ

ਅਜੇਹੇ ਰਿਸ਼ੀਆਂ ਵਰਗੇ ਇਨਸਾਨ ਨੂੰ, ਉਨ੍ਹਾਂ ਦਾ ਇਕ ਨਿਮਾਣਾ ਜੇਹਾ ਸ਼ਿਸ਼ ਤੁਹਾਡੇ ਸਭ ਨਾਲ ਸ਼ਾਮਲ ਹੋ ਕੇ ਆਪਣੇ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ।

2447-ਸੈਕਟਰ 64,
ਮੁਹਾਲੀ-160062, ਇੰਡੀਆ
(ਫੋਨ: 91-172-2212421)